# ਆਨ-ਲਾਈਨ ਦਾਖਲਾ ਨੋਟਿਸ

## ਸੈਸ਼ਨ ਅਗਸਤ 2018-19

ਪੰਜਾਬ ਰਾਜ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਪ੍ਰਾਈਵੇਟ ਐਫੀਲੇਟਿਡ ਉਦਯੋਗਿਕ ਸਿਖਲਾਈ ਸੰਸਥਾਵਾਂ/ ਕੇਦਰਾਂ/ ਟੀਚਰ ਟਰੇਨਿੰਗ ਸੰਸਥਾਵਾਂ ਵਿੱਚ ਸੈਸ਼ਨ ਅਗਸਤ 2018 ਲਈ ਕਰਾਫਟਸਮੈਨ ਸਕੀਮ ਅਧੀਨ ਵੱਖ-ਵੱਖ ਟਰੇਡਾਂ, ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ, ਪੰਜਾਬੀ ਸਟੈਨੋਗ੍ਰਾਫੀ ਅਤੇ ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸਾਂ ਵਾਸਤੇ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ -

**First Counseling:-**

| S.N | Procedure | | Dates |
|---|---|---|---|
| 1 | Online Registration by Candidates | | 06 June 2018 to 21 June 2018 |
| 2 | Document Verification by D.I.'s | | 08 June 2018 to 22 June 2018 |
| 3 | First Counseling | | |
| | Online Choice Filling<br>12 June 2018 to 24 June 2018 | Result Declaration<br>26 June 2018 | Reporting by Candidates at Institutes<br>27 June 2018 to 09 July 2018 |
| 4 | **Second Counseling** | | |
| | Online Choice Filling<br>10 July 2018 to 15 July 2018 | Result Declaration<br>17 July 2018 | Reporting by Candidates at Institutes<br>18 July 2018 to 23 July 2018 |

**Third Counseling:-**

| | | | |
|---|---|---|---|
| 1 | Online Registration by Candidates | | 22 July 2018 to 26 July 2018 |
| 2 | Document Verification by D.I.'s | | 23 July 2018 to 27 July 2018 |
| 3 | Third Counseling | | |
| | Online Choice Filling<br>24 July 2018 to 29 July 2018 | Result Declaration<br>31 July 2018 | Reporting by Candidates at Institutes<br>01 August 2018 to 06 August 2018 |

Note:

* ਪਹਿਲੀ ਅਤੇ ਦੂਜੀ ਕੌਂਸਲਿੰਗ ਦੌਰਾਨ ਦਾਖਲ ਹੋਏ ਸਿਖਿਆਰਥੀਆਂ ਦੀਆਂ ਕਲਾਸਾਂ 01 ਅਗਸਤ 2018 ਤੋਂ ਸ਼ੁਰੂ ਹੋਣਗੀਆਂ। ਤੀਜੀ ਕੌਂਸਲਿੰਗ ਦੋਰਾਨ ਦਾਖਲ ਸਿਖਿਆਰਥੀਆਂ ਦੀਆਂ ਕਲਾਸਾਂ ਰਿਪੋਰਟਿੰਗ ਸਮੇਂ ਦੇ ਦਿਨ ਤੋਂ ਹੀ ਲਗਣੀਆਂ ਸ਼ੁਰੂ ਹੋਣਗੀਆਂ।

ਦਾਖਲੇ ਲਈ ਚਾਹਵਾਨ ਬਿਨੈਕਾਰ ਵੈਬਸਾਇਟ www.itipunjab.nic.in ਤੇ Online ਰਜਿਸਟਰ ਕਰ ਸਕਦੇ ਹਨ। ਆਨ ਲਾਈਨ ਦਾਖਲੇ ਲਈ ਅਪਲਾਈ ਕਰਨ ਲਈ ਆਪਣੇ ਨਜਦੀਕੀ ਸਰਕਾਰੀ ਆਈ.ਟੀ.ਆਈ'ਜ਼ ਅਤੇ ਪ੍ਰਾਈਵੇਟ ਆਈ.ਟੀ.ਆਈ'ਜ਼ ਤੋ ਮਦਦ/ ਜਾਣਕਾਰੀ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇਕਰ ਬਿਨੈਕਾਰ ਨੂੰ ਆਨ ਲਾਈਨ ਅਪਲਾਈ ਕਰਨ ਸਮੇਂ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਇਸ ਮੰਤਵ ਲਈ ਈ ਮੇਲ ਆਈ.ਡੀ. admission305305@gmail.com ਤੇ ਮੇਲ ਅਤੇ ਫੋਨ ਨੰ: 01725022357 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

Scanned by CamScanner

## ਜ਼ਰੂਰੀ ਨੋਟ

1. ਉਮੀਦਵਾਰਾਂ ਵਲੋ ਆਨ ਲਾਈਨ ਦਾਖਲੇ ਲਈ ਉਪਰੋਕਤ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਨੂੰ ਹੀ ਅਪਲਾਈ/ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ, ਉਪਰੰਤ ਕੋਈ ਰਜਿਸਟਰੇਸ਼ਨ ਨਹੀਂ ਹੋਵੇਗੀ।

   ਹਰ ਉਮੀਦਵਾਰਾਂ ਵਲੋਂ ਆਨ ਲਾਈਨ ਰਜਿਸ਼ਟਰੇਸ਼ਨ ਲਈ ਕੇਵਲ ਇਕ ਵਾਰੀ ਰਜਿਸ਼ਟਰੇਸ਼ਨ ਆਈ.ਡੀ. ਤਿਆਰ ਕੀਤੀ ਜਾਵੇ। ਪਹਿਲੇ ਰਾਊਂਡ ਦੋਰਾਨ ਸੀਟ ਨਾ ਮਿਲਣ ਦੀ ਸੂਰਤ ਵਿਚ ਮੁੜ ਤੋਂ ਉਸੇ ਆਈ ਡੀ ਦੀ ਵਰਤੋਂ ਕਰਦੇ ਹੋਏ ਹਰੇਕ ਰਾਊਂਡ ਵਿਚ ਕੇਵਲ ਆਪਣੀ ਚੁਆਇਸ ਫਿਲ ਕੀਤੀ ਜਾਵੇ।

2. Fee applicable at Govt. ITI's shall be charged for 5% (five percentages) seats in the private unaided ITI's/ ITC's from the poor students whose family income is less than 2 lakh Rs per annum.

3. ਉਮੀਦਵਾਰ ਕਿਸੇ ਵੀ ਉਦਯੋਗਿਕ ਸਿਖਲਾਈ ਸੰਸਥਾ ਵਿਚ ਜਾ ਕੇ ਆਨ ਲਾਈਨ ਦਾਖਲਾ ਰਜਿਸ਼ਟਰੇਸ਼ਨ ਕਰਨ ਲਈ ਫਰੀ ਸੁਵਿਧਾ ਲੈ ਸਕਦੇ ਹਨ।

4. ਉਮੀਦਵਾਰਾਂ ਵਲੋਂ ਆਨ ਲਾਈਨ ਦਾਖਲੇ ਲਈ ਰਜਿਸ਼ਟਰੇਸ਼ਨ ਉਪਰੰਤ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਨੂੰ ਡੈਜੀਗਨੇਟਿਡ ਸੰਸਥਾਵਾਂ (D.I.'s) ਨਜਦੀਕੀ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਪਾਸ ਜਾ ਕੇ ਸਰਟੀਫਿਕੇਟ ਵੈਰੀਫਿਕੇਸ਼ਨ ਕਰਵਾਈ ਜਾ ਸਕਦੀ ਹੈ, ਉਪਰੰਤ ਸਰਟੀਫਿਕੇਟ ਵੈਰੀਫਿਕੇਸ਼ਨ ਨਹੀਂ ਹੋਵੇਗੀ ।

5. D.I.'s ਵਲੋਂ ਕੇਵਲ ਉਨਾਂ ਉਮੀਦਵਾਰਾਂ ਦੇ ਸਰਟੀਫਿਕੇਟ ਵੈਰੀਫਿਕੇਸ਼ਨ ਕੀਤੇ ਜਾਣਗੇ ਜੋ ਉਮੀਦਵਾਰ ਸੰਸਥਾ ਵਿਖੇ ਸਰਟੀਫਿਕੇਟ ਵੈਰੀਫਿਕੇਸ਼ਨ ਲਈ ਖੁਦ ਹਾਜਰ ਹੋਣਗੇ। ਉਮੀਦਵਾਰਾਂ ਵਲੋਂ ਸਰਟੀਫਿਕੇਸ਼ਨ ਵੈਰੀਫਿਕੇਸ਼ਨ ਸਮੇਂ ਅਸਲ ਸਰਟੀਫਿਕੇਟਾਂ ਦੇ ਨਾਲ-ਨਾਲ ਸਾਰੇ ਸਰਟੀਫਿਕੇਟਾਂ ਦਾ ਫੋਟੋ ਕਾਪੀ ਦਾ ਇਕ ਸੈਟ ਵੀ ਨਾਲ ਲਿਆਂਦਾ ਜਾਵੇ ਅਤੇ ਆਪਣੀ ਇਕ ਪਾਸਪੋਰਟ ਸਾਈਜ਼ ਦੀ ਤਾਜਾ ਫੋਟੋ ਵੀ ਨਾਲ ਲਿਆਂਦੀ ਜਾਵੇ।

6. ਡੈਜੀਗਨੇਟਿਡ ਸੰਸਥਾਵਾਂ (D.I.'s) ਦੀ ਲਿਸ਼ਟ ਵੈਬਸਾਈਟ www.itipunjab.nic.in ਤੇ ਅਤੇ ਆਨ-ਲਾਈਨ ਦਾਖਲਾ ਪ੍ਰਾਸਪੈਕਟਸ ਵਿੱਚ ਉਪਲਬੱਧ ਹੈ, ਉਮੀਦਵਾਰ ਆਪਣੀ ਸੁਵਿਧਾ ਅਨੁਸਾਰ ਇਸ ਲਿਸ਼ਟ ਵਿਚ ਦਰਸਾਏ ਕਿਸੇ ਵੀ D.I. ਤੋਂ ਸਰਟੀਫਿਕੇਟ ਵੈਰੀਫਾਈ ਕਰਵਾ ਸਕਦਾ ਹੈ।

7. ਉਮੀਦਵਾਰ ਵਲੋਂ ਸਰਟੀਫਿਕੇਟ ਵੈਰੀਫਿਕੇਸ਼ਨ ਸਮੇਂ 100/- ਪ੍ਰੋਸੈਸਿੰਗ ਫੀਸ D.I. ਪਾਸ ਜਮਾਂ ਕਰਵਾਏ ਜਾਣ।

8. ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ, ਸੀਟਾਂ ਦੀ ਜਾਣਕਾਰੀ **ਆਨ-ਲਾਈਨ ਦਾਖਲਾ**

Scanned by CamScanner

**ਪ੍ਰਾਸਪੈਕਟਸ** ਵਿੱਚ ਦਰਸਾਈਆਂ ਗਈਆਂ ਹਨ ਜੋ ਕਿ ਵੈਬਸਾਇਟ ਤੇ ਉਪਲਬੱਧ ਹੈ।

9. ਵੱਖ-ਵੱਖ ਕੋਰਸਾਂ ਦੇ ਦਾਖਲੇ ਲਈ ਸਿਖਿਆਰਥੀਆਂ ਦੀ ਉਮਰ ਹੇਠ ਅਨੁਸਾਰ ਹੈ:-

1. ਕਰਾਫਟਸਮੈਨ ਸਕੀਮ ਟਰੇਡਾਂ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਣ ਅਤੇ ਉਨ੍ਹਾਂ ਦੀ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ।

2. ਆਰਟ ਤੇ ਕਰਾਫਟ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ ਅਤੇ ਉਹਨਾਂ ਦੀ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 15 ਸਾਲ ਹੋਣੀ ਚਾਹੀਦੀ ਹੈ।

3. ਕਟਾਈ ਸਿਲਾਈ ਤੇ ਕਢਾਈ ਟੀਚਰ ਟ੍ਰੇਨਿੰਗ ਕੋਰਸ ਲਈ ਉਮੀਦਵਾਰ ਸਰੀਰਕ ਤੌਰ ਤੇ ਫਿੱਟ ਹੋਵੇ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 16 ਸਾਲ ਹੋਣੀ ਚਾਹੀਦੀ ਹੈ।

10. ਦਾਖਲੇ ਵਿੱਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਉਪਰੋਕਤ ਦਾਖਲਾ ਸ਼ਡਿਉਲ ਵਿੱਚ ਦਰਸਾਈਆਂ ਮਿਤੀਆਂ ਨੂੰ D.I.'s (ਡੈਜੀਗਨੇਟਿਡ ਇੰਸਟੀਚਿਊਟ) ਨੂੰ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ।

11. ਜਿੰਨਾਂ ਉਮੀਦਵਾਰਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਉਲ ਵਿੱਚ ਦਰਸਾਈਆਂ ਦੂਸਰੇ ਰਾਉਂਡਜ਼ ਦੀਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ। ਇਸੇ ਤਰ੍ਹਾਂ ਜਿੰਨਾਂ ਨੂੰ ਪਹਿਲੀ ਕੌਂਸਲਿੰਗ ਅਤੇ ਦੂਸਰੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ, ਉਹਨਾਂ ਵਲੋਂ ਦਾਖਲਾ ਸ਼ਡਿਉਲ ਵਿੱਚ ਦਰਸਾਈਆਂ ਮਿਤੀਆਂ ਦੇ ਤੀਜੇ ਰਾਉਂਡ ਦੀਆਂ ਮਿਤੀਆਂ ਨੂੰ ਆਪਣੀ Choice Filling ਮੁੜ ਭਰੀ ਜਾਵੇਗੀ।

12. ਕਿਸੇ ਉਮੀਦਵਾਰ ਨੂੰ ਕਿਸੇ ਵੀ ਕੌਂਸਲਿੰਗ ਦੌਰਾਨ ਦਾਖਲਾ ਮਿਲ ਜਾਂਦਾ ਹੈ ਅਤੇ ਉਹ ਫੀਸ ਜਮਾਂ ਕਰਾ ਦਿੰਦਾ ਹੈ। ਜੇਕਰ ਉਹ ਉਮੀਦਵਾਰ ਦੁਬਾਰਾ (ਪਹਿਲਾਂ ਮਿਲੀ ਸੀਟ ਨੂੰ ਹੋਰ ਬੈਟਰ ਆਪਸ਼ਨ ਅਨੁਸਾਰ ਅਪਡੇਟ ਕਰਨ ਲਈ) ਕਿਸੇ ਸੰਸਥਾ ਵਿਚ ਕਿਸੇ ਟਰੇਡ ਲਈ ਅਪਲਾਈ ਕਰਦਾ ਹੈ ਅਤੇ ਉਸ ਨੂੰ ਸੀਟ ਅਲਾਟ ਹੋ ਜਾਂਦੀ ਹੈ ਤਾਂ ਉਸ ਉਮੀਦਵਾਰ ਦੀ ਪਹਿਲਾਂ ਮਿਲੀ ਸੀਟ ਕੈਂਸਲ ਹੋ ਜਾਵੇਗੀ ਅਤੇ ਪਹਿਲਾਂ ਦਾਖਲੇ ਵਾਲੀ ਸੀਟ ਤੇ ਕਲੇਮ ਖਤਮ ਹੋ ਜਾਵੇਗਾ। ਇਸ ਲਈ ਜਿੰਨਾਂ ਉਮੀਦਵਾਰਾਂ ਨੂੰ ਉਨਾਂ ਦੀ ਮਨ-ਪਸੰਦ ਸੀਟ ਮਿਲ ਜਾਂਦੀ ਹੈ ਤਾਂ ਉਹ ਅਗਲੀ ਕੌਂਸਲਿੰਗ ਵਿਚ ਹਿੱਸਾ ਨਾ ਲੈਣ।

13. ਉਮੀਦਵਾਰ ਆਪਣੀ ਆਨ ਲਾਈਨ ਰਜਿਸ਼ਟਰੇਸ਼ਨ ਦੇ ਲਾਗ ਇਨ ਆਈ.ਡੀ. ਦਾ ਪਾਸਵਰਡ ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗ ਇਨ ਆਈ ਡੀ ਦੀ ਦੁਰਵਰਤੋਂ ਨਾ ਹੋ ਸਕੇ। ਇਸ ਦੀ ਬਜਾਏ ਪਾਸਵਰਡ ਆਪਣੀ ਸਹੂਲੀਅਤ ਅਨੁਸਾਰ ਸੁਰੱਖਿਅਤ ਰੱਖ ਲਿਆ ਜਾਵੇ।

14. ਆਨ ਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਆਪਣੇ ਨਾਮ ਦੇ ਸਪੈਲਿੰਗ, ਜਨਮ ਮਿਤੀ ਆਦਿ ਚੈਕ ਕਰਕੇ ਠੀਕ ਭਰੀ ਜਾਵੇ। ਗਲਤੀ ਹੋਣ ਤੇ ਉਮੀਦਵਾਰ ਦੀ ਨਿੱਜੀ

Scanned by CamScanner

ਜਿੰਮੇਵਾਰੀ ਹੋਵੇਗੀ। ਉਮੀਦਵਾਰ ਕਦੇ ਵੀ ਆਪਣਾ ਡਾਟਾ ਡਾਕੂਮੈਂਟ ਵੈਰੀਫਾਈ ਹੋਣ ਤੱਕ ਆਪਣਾ ਨਿੱਜੀ ਆਈ.ਡੀ. ਅਤੇ ਪਾਸਵਰਡ ਵਰਤਦੇ ਹੋਏ Edit/ Update ਕਰ ਸਕਦੇ ਹਨ।

15. ਕੈਂਡੀਡੇਟਸ ਵਲੋਂ ਆਨ ਲਾਈਨ ਰਜਿਸ੍ਟਰੇਸ਼ਨ ਕਰਨ ਸਮੇਂ ਆਪਣੇ ਮੁਕੰਮਲ ਵੇਰਵੇ ਸਹੀ ਭਰਨ ਉਪਰੰਤ, ਫਾਈਨਲ ਸਬਮਿਸ਼ਨ ਤੋਂ ਪਹਿਲਾਂ ਇਕ ਵਾਰ ਚੈਕ ਕਰ ਲੈਣ।

16. ਜੇਕਰ ਦਾਖਲਾ ਪ੍ਰੀਕ੍ਰਿਆ ਵਿਚ ਕਿਸੇ ਕਿਸਮ ਦੀ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਸਬੰਧੀ ਵੈਬਸਾਈਟ ਤੇ ਜਾਣਕਾਰੀ ਦਿੱਤੀ ਜਾਵੇਗੀ। ਇਸ ਲਈ ਇੱਛੁਕ ਕੈਂਡੀਡੇਟਸ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਵੈਬਸਾਈਟ ਨਿਯਮਿਤ ਤੌਰ ਤੇ ਚੈਕ ਕਰਦੇ ਰਹਿਣ।

17. ਉਮੀਦਵਾਰਾਂ ਵਲੋਂ ਆਨ ਲਾਈਨ ਰਜਿਸ੍ਟਰੇਸ਼ਨ ਫਾਰਮ ਵਿਚ ਆਪਣਾ ਨਿੱਜੀ ਮੋਬਾਈਲ ਨੰਬਰ (ਘੱਟੋ-ਘੱਟ ਇਕ ਲਾਜਮੀ ਜਾਂ ਵੱਧ ਤੋਂ ਵੱਧ ਦੋ ਮੋਬਾਈਲ ਨੰਬਰ) ਅਤੇ ਈ-ਮੇਲ ਆਈਡੀ ਵੀ ਦਿੱਤੀ ਜਾਵੇ ਤਾਂ ਜੋ ਉਹਨਾਂ ਨੂੰ ਦਾਖਲੇ ਸਬੰਧੀ ਜਰੂਰੀ ਸੂਚਨਾਵਾਂ ਸਮੇਂ-ਸਮੇਂ ਸਿਰ ਸਿੱਧੇ ਤੌਰ ਤੇ ਮਿਲ ਸਕੇ।

18. ਜੇਕਰ ਉਮੀਦਵਾਰ ਅੰਤਿਮ ਮਿਤੀਆਂ ਨੂੰ ਵੈਬਸਾਈਟ ਤੇ ਲੋਡ ਵੱਧ ਹੋ ਜਾਣ ਕਾਰਨ ਰਜਿਸ੍ਟਰ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਸ ਵਿਚ ਵਿਭਾਗ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਆਨ ਲਾਈਨ ਫਾਰਮ ਭਰਨ ਤੋਂ ਪਹਿਲਾਂ ਸੰਪੂਰਨ ਹਦਾਇਤਾਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

19. ਵਿਭਾਗ/ ਰਾਜ ਸਰਕਾਰ ਵਲੋਂ ਜਾਰੀ ਰਿਜਰਵੇਸ਼ਨ ਪਾਲਸੀ/ ਹਦਾਇਤਾਂ/ ਯੂਜਰ ਮੈਨੂਅਲ/ ਦਾਖਲਾ ਨੋਟਿਸ ਵੈਬਸਾਇਟ www.itipunjab.nic.in ਤੇ ਅਪਲੋਡ ਕੀਤੀ ਗਈ ਹੈ।

20. ਆਨ ਲਾਈਨ ਦਾਖਲੇ ਦੀ ਮਦਦ ਲਈ ਵੈਬਸਾਈਟ www.itipunjab.nic.in ਵੀ ਵੇਖੀ ਜਾ ਸਕਦੀ ਹੈ।

ਮਿਤੀ:05-06-2018

ਪ੍ਰਵੀਨ ਕੁਮਾਰ ਥਿੰਦ ਆਈ ਏ ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ ਪੰਜਾਬ

Scanned by CamScanner

ਪਿੱਠ ਅੰਕਣ ਨੰ: ਆਈਟੀ/ਟ੍ਰੇ/ਦਾਖਲਾ/ 2018/ 6321-6723 ਮਿਤੀ: 05-06-2018

ਇਸ ਦਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿਖਿਆ ਵਿਭਾਗ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਅਨੂਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਸੈਨਿਕ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟਰੀਅਲ ਟਰੇਨਿੰਗ ਸੈਕਟਰ 36-ਏ ਚੰਡੀਗੜ੍ਹ।
5. ਮੁੱਖ ਦਫਤਰ ਦੇ ਸਾਰੇ ਅਧਿਕਾਰੀ ਸਿਵਾਏ ਮਾਨਯੋਗ ਡਾਇਰੈਕਟਰ ਸਾਹਿਬ।
6. ਪੀ.ਏ. ਟੂ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
7. ਮੁੱਖ ਦਫ਼ਤਰ ਦੇ ਸਾਰੀਆਂ ਸ਼ਾਖਾਵਾਂ ਦੇ ਸੁਪਰਡੰਟ।
8. ਪੰਜਾਬ ਰਾਜ ਦੀਆਂ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ, ਜਿੰਨਾਂ ਵਲੋਂ ਦਾਖਲਾ ਸੈਸ਼ਨ ਅਗਸਤ 2018 ਵਿੱਚ ਭਾਗ ਲਿਆ ਜਾ ਰਿਹਾ ਹੈ ।

ਉਪ ਡਾਇਰੈਕਟਰ (ਟ੍ਰੇਨਿੰਗ)

Scanned by CamScanner